# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 14 ਜਨਵਰੀ, 2014 ਨੂੰ ਦੁਪਹਿਰ 12.00 ਵਜੇ , ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਸ਼੍ਰੀ ਅਜੈ ਕੁਮਾਰ
3. ਡਾ. ਬਲਵਿੰਦਰ ਸਿੰਘ,
   ਕੈਮਿਸਟਰੀ ਵਿਭਾਗ
4. ਡਾ. ਬਲਵਿੰਦਰ ਸਿੰਘ,
   ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ
5. ਕੈਪਟਨ ਬਲਬੀਰ ਸਿੰਘ ਬਾਠ
6. ਡਾ. ਡੀ. ਐਨ. ਜੌਹਰ
7. ਡਾ. ਜੇ.ਐਸ. ਢਿੱਲੋਂ
8. ਡਾ.(ਮਿਸਿਜ਼) ਜਸਮੀਤ ਸੰਧੂ
9. ਸ. ਜਗਦੀਸ਼ ਸਿੰਘ
10. ਸ. ਜਤਿੰਦਰ ਸਿੰਘ ਬੱਗਾ
11. ਮਿਸ ਜਸਮੀਨ ਕੌਰ
12. ਸ. ਕਮਲੇਸ਼ ਸਿੰਘ ਦੁੱਗਲ
13. ਸ਼੍ਰੀ ਕਮਲਪਾਲ ਸਿੰਘ ਰੰਧਾਵਾ
14. ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ
15. ਡਾ. ਐਮ.ਐਸ. ਹੁੰਦਲ,
    ਡੀਨ, ਅਕਾਦਮਿਕ ਮਾਮਲੇ
16. ਡਾ. ਨੀਨਾ ਰੋਜੀ ਕਾਹਲੋਂ
17. ਸ. ਨਾਨਕ ਸਿੰਘ
18. ਮਿਸ ਨੇਹਾ ਭਾਰਤੀ
19. ਸ. ਪ੍ਰੇਮ ਸਿੰਘ, ਐਡਵੋਕੇਟ
20. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
    ਨੁਮਾਇੰਦਾ-ਸਕੱਤਰ, ਉਚੇਰੀ ਸਿੱਖਿਆ ਵਿਭਾਗ
21. ਡਾ. ਸੁਲੱਖਣ ਸਿੰਘ
22. ਡਾ. ਸੁਖਦੇਵ ਸਿੰਘ ਖਾਹਰਾ
23. ਡਾ. ਐਸ. ਐਸ. ਜੌਹਲ
24. ਪ੍ਰੋ. ਐਸ.ਐਸ. ਗਿੱਲ
25. ਡਾ. ਵਿਨੈ ਕਪੂਰ ਮਹਿਰਾ

26. ਸ. ਜੋਰਾਵਰ ਸਿੰਘ

27. ਡਾ. ਇੰਦਰਜੀਤ ਸਿੰਘ, .... (ਸਕੱਤਰ)
ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ ‘ਤੇ ਸਮੂਹ ਮੈਂਬਰ ਸਾਹਿਬਾਨ ਨੂੰ ‘ਜੀ ਆਇਆਂ’ ਆਖਿਆ ਅਤੇ ਨਾਲ ਹੀ ਨਵੇਂ ਸਾਲ ਅਤੇ ਲੋਹੜੀ ਦੀ ਮੁਬਾਰਕਬਾਦ ਦਿੱਤੀ।

ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਪੁਰਾਣੇ ਮੈਂਬਰ- ਡਾ. ਡੈਰਿਕ ਏਂਜਲਜ਼ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੈਨੇਟ ਉਤੇ ਸ. ਕਮਲੇਸ਼ ਸਿੰਘ ਦੁੱਗਲ, ਡਾ. ਏ.ਜੇ. ਐਸ. ਭੰਵਰ, ਕੈਪਟਨ ਬਲਬੀਰ ਸਿੰਘ ਬਾਠ (ਸਾਬਕਾ ਐਮ.ਐਲ.ਏ.), ਸ. ਲਖਬੀਰ ਸਿੰਘ ਲੋਧੀਨੰਗਲ(ਸਾਬਕਾ ਐਮ.ਐਲ.ਏ.) ਅਤੇ ਡਾ. ਵਿਨੈ ਕਪੂਰ ਮਹਿਰਾ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 30.8.2013 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 30.8.2013 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 30.8.2013 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 30.8.2013 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) ਨੋਟ ਕੀਤੀ ਗਈ।

**ਖਾਲਸਾ ਕਾਲਜ, ਅੰਮ੍ਰਿਤਸਰ ਨੂੰ Autonomous status ਦੇਣ , ਕਾਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਨੂੰ ਵੰਡਣ, ਵੱਖ-ਵੱਖ ਕਾਲਜਾਂ ਵਿਖੇ ਨਵੇਂ ਵਿਸ਼ੇ/ਕਲਾਸ/ ਕੋਰਸ ਸ਼ੁਰੂ ਕਰਨ ਅਤੇ ਤਿੰਨ ਪ੍ਰਤਿਸ਼ਠ ਵਿਅਕਤੀਆਂ ਨੂੰ ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

3. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ ਕਿ:-

(ੳ) ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸਾਲ 2014-15 ਤੋਂ ਐਮ.ਬੀ.ਏ. (FYIC) ਕੋਰਸ ਵਿਚ ਦਾਖਲਾ in abeyance ਰੱਖਣ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 32 ਮਿਤੀ 30.8.2013)

(ਅ) ਯੂ.ਜੀ.ਸੀ. ਦੀ Autonomous College Scheme ਅਧੀਨ ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਸੈਸ਼ਨ 2013-14 ਤੋਂ 2018-19 ਤੱਕ 6 ਸਾਲ ਲਈ Autonomous Status ਦੇਣ ਦੀ ਪੁਸ਼ਟੀ ਕਰਨੀ।

(ਸਿੰਡੀਕੇਟ ਪੈਰਾ 40 ਮਿਤੀ 30.8.2013)

(ੲ) ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਮਿਤੀ 1.4.2014 ਤੋਂ ਹੇਠ ਲਿਖੇ ਦੋ ਵਿਭਾਗਾਂ ਵਿਚ ਵੰਡਣ ਦੀ ਪਰਵਾਨਗੀ ਦਿੱਤੀ ਜਾਵੇ:-

1. Department of Commerce
2. University Business School

(ਸਿੰਡੀਕੇਟ ਪੈਰਾ 48 ਮਿਤੀ 30.8.2013)

(ਸ) ਸੈਸ਼ਨ 2014-15 ਤੋਂ ਹੇਠ ਲਿਖੇ ਕਾਨਸਟੀਚੂਐਂਟ ਕਾਲਜਾਂ ਵਿਖੇ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਸ਼ੇ/ਕਲਾਸ/ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| | ਕਾਨਸਟੀਚੂਐਂਟ ਕਾਲਜ ਦਾ ਨਾਮ | ਕੋਰਸ ਦਾ ਨਾਮ |
|---|---|---|
| 1. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ (ਅੰਮ੍ਰਿਤਸਰ) | 1. ਜੌਗਰਾਫੀ (ਵਿਸ਼ਾ) ਬੀ.ਏ. ਭਾਗ ਪਹਿਲਾ<br>2. ਮਿਊਜ਼ਿਕ ਵਿਸ਼ਾ ਬੀ.ਏ. ਭਾਗ ਪਹਿਲਾ<br>3. ਐਮ.ਐਸਸੀ. (ਮੈਥੇਮੈਟਿਕਸ) (ਇਕ ਯੂਨਿਟ) |
| 2. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ (ਤਰਨ ਤਾਰਨ) | 1. ਐਮ.ਕਾਮ. (ਇਕ ਯੂਨਿਟ)<br>2. ਐਮ.ਐਸਸੀ. (ਕੰਪਿਊਟਰ ਸਾਇੰਸ) (ਇਕ ਯੂਨਿਟ) |
| 3. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ (ਤਰਨ ਤਾਰਨ) | 1. ਐਮ.ਕਾਮ. (ਇਕ ਯੂਨਿਟ)<br>2. ਐਮ.ਐਸਸੀ. (ਕੰਪਿਊਟਰ ਸਾਇੰਸ) (ਇਕ ਯੂਨਿਟ) |
| 4. | ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ (ਕਪੂਰਥਲਾ) | 1. ਐਮ.ਕਾਮ. (ਇਕ ਯੂਨਿਟ)<br>2. ਐਮ.ਐਸਸੀ. (ਕੰਪਿਊਟਰ ਸਾਇੰਸ) (ਇਕ ਯੂਨਿਟ) |

(ਸਿੰਡੀਕੇਟ ਪੈਰਾ 15 ਮਿਤੀ 23.12.2013)

(ਹ) ਸੈਸ਼ਨ 2014-15 ਤੋਂ ਹੇਠ ਲਿਖੇ ਕਾਨਸਟੀਚੂਐਂਟ ਕਾਲਜਾਂ ਵਿਖੇ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਨਵੇਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| | ਕਾਲਜ ਦਾ ਨਾਮ | ਕੋਰਸ ਦਾ ਨਾਮ |
|---|---|---|
| 1. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ (ਅੰਮ੍ਰਿਤਸਰ) | ਐਮ.ਏ.(ਇਕਨਾਮਿਕਸ)(ਇਕ ਯੂਨਿਟ) |
| 2. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ (ਤਰਨ ਤਾਰਨ) | ਪੀ.ਜੀ.ਡੀ.ਸੀ.ਏ. (ਇਕ ਯੂਨਿਟ) |

(ਸਿੰਡੀਕੇਟ ਪੈਰਾ 35 ਮਿਤੀ 23.12.2013)

(ਕ) ਸੈਸ਼ਨ 2014-15 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਹੇਠ ਲਿਖੇ ਨਵੇਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

1. ਬੀ.ਬੀ.ਏ.
2. ਬੀ.ਸੀ.ਏ. (ਤਿੰਨ ਸਾਲਾ ਡਿਗਰੀ ਕੋਰਸ)
3. ਐਮ.ਐਸਸੀ. ਮੈਥੇਮੈਟਿਕਸ (ਦੋ ਸਾਲਾ ਕੋਰਸ)
4. ਐਮ.ਬੀ.ਏ. (ਪੰਜ ਸਾਲਾ ਕੋਰਸ)

(ਸਿੰਡੀਕੇਟ ਪੈਰਾ 36 ਮਿਤੀ 23.12.2013)

(ਖ) ਹੇਠ ਲਿਖੇ ਤਿੰਨ ਪ੍ਰਤਿਸ਼ਠ ਵਿਅਕਤੀਆਂ ਨੂੰ, ਉਨ੍ਹਾਂ ਦੀ ਉੱਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 40ਵੀਂ ਸਲਾਨਾ ਕਨਵੋਕੇਸ਼ਨ 'ਤੇ ਹਰੇਕ ਅੱਗੇ ਦਰਸਾਏ ਅਨੁਸਾਰ, ਸਨਮਾਨਾਰਥ (Honoris Causa) ਡਿਗਰੀ ਪਰਦਾਨ ਕੀਤੀ ਜਾਵੇ:-

| | |
|---|---|
| 1. Prof. Rajmohan Gandhi | Doctor of Literature in the Faculty of Arts & Social Sciences |
| 2. Prof. Ved Prakash | Doctor of Science in the Faculty of Sciences |
| 3. Prof. Ajmer Singh Aulakh | Doctor of Literature in the Faculty of Languages |

**ਨੋਟ :-** ਯੂਨੀਵਰਸਿਟੀ ਦੀ 40ਵੀਂ ਸਲਾਨਾ ਕਨਵੋਕੇਸ਼ਨ ਮਿਤੀ 7 ਮਾਰਚ, 2014 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋਵੇਗੀ।

(ਸਿੰਡੀਕੇਟ ਪੈਰਾ 43 ਮਿਤੀ 23.12.2013)

**ਪਾਸ ਹੋਇਆ** ਕਿ ਸਿੰਡੀਕੇਟ ਦੀ ਉਕਤ ਸਿਫਾਰਸ਼ (ੳ) ਵਾਪਿਸ ਲਈ ਗਈ ਅਤੇ ਉਕਤ (ਅ) ਤੋਂ (ਖ) ਤੱਕ ਸਿਫਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਇਹ **ਨੋਟ ਕੀਤਾ** ਯੂਨੀਵਰਸਿਟੀ ਦੀ 40ਵੀਂ ਸਲਾਨਾ ਕਨਵੋਕੇਸ਼ਨ ਮਿਤੀ 7 ਮਾਰਚ, 2014 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋਵੇਗੀ।

ਉਪ-ਕੁਲਪਤੀ ਸਾਹਿਬ ਦਾ ਬਿਆਨ।

4. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਮਿਤੀ 15-19 ਨਵੰਬਰ,2013 ਨੂੰ ਲਖਨਊ ਵਿਖੇ ਹੋਏ ਨਾਰਥ ਜੋਨ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿਚ ਯੂਨੀਵਰਸਿਟੀ ਨੇ ਲਗਾਤਾਰ ਪੰਜਵੀਂ ਵਾਰ ਨਾਰਥ-ਜੋਨ ਓਵਰਆਲ ਚੈਂਪੀਅਨਸ਼ਿਪ ਟਰਾਫੀ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ।

2. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਦੇ ਚੈਅਰਮੈਨ, ਪ੍ਰੋਫੈਸਰ ਵੇਦ ਪ੍ਰਕਾਸ਼ ਨੇ ਮਿਤੀ 11 ਅਕਤੂਬਰ, 2013 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਅਕਾਦਮਿਕ ਸਟਾਫ ਕਾਲਜ ਦੇ ਨਵੇਂ ਬਣੇ ਗੈਸਟ ਹਾਊਸ ਦਾ ਉਦਘਾਟਨ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ, ਵੱਖ-ਵੱਖ ਫੈਕਲਟੀਆਂ ਦੇ ਡੀਨਾਂ ਅਤੇ ਵਿਭਾਗਾਂ ਦੇ ਮੁਖੀਆਂ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਯੂਨੀਵਰਸਿਟੀਆਂ ਅਤੇ ਕਾਲਜਾਂ ਲਈ ਲਾਗੂ ਕੀਤੀਆਂ ਜਾ ਰਹੀਆਂ ਨਵੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ।

3. ਯੂਨੀਵਰਸਿਟੀ ਕੈਂਪਸ ਵਿਚ Emerging Life Sciences ਅਤੇ ਮਾਤਾ ਨਾਨਕੀ ਲੜਕੀਆਂ ਦੇ ਹੋਸਟਲ ਨੰ. 4 ਦੀ ਬਿਲਡਿੰਗ ਦਾ ਉਦਘਾਟਨ 13 ਜਨਵਰੀ, 2014 ਨੂੰ ਉਪ-ਕੁਲਪਤੀ ਜੀ ਨੇ ਕੀਤਾ।

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ 'ਦ ਫਰੇਜ਼ਰ ਵੈਲੀ, ਕੈਨੇਡਾ ਨੇ ਖੋਜ ਨਾਲ ਸਬੰਧਤ ਗਤੀਵਿਧੀਆਂ ਅਤੇ ਅੰਤਰਰਾਸ਼ਟਰੀ ਸੂਝ ਦੇ ਵਿਕਾਸ ਲਈ ਮਿਤੀ 4 ਨਵੰਬਰ, 2013 ਨੂੰ ਇਕ ਵਿਸ਼ੇਸ਼ ਸਮਝੌਤੇ ਤੇ ਦਸਤਖਤ ਕੀਤੇ ਜਿਸਦੀ ਮਿਆਦ ਤਿੰਨ ਸਾਲ ਹੋਵੇਗੀ। ਇਸ ਸਮਝੌਤੇ ਅਧੀਨ ਦੋਵਾਂ ਸੰਸਥਾਵਾਂ ਵਲੋਂ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਅਦਾਨ-ਪ੍ਰਦਾਨ ਤੋਂ ਇਲਾਵਾ ਕਾਨਫਰੰਸ, ਸੈਮੀਨਾਰ ਅਤੇ ਸਿੰਪੋਜ਼ੀਆ ਵੀ ਕਰਵਾਏ ਜਾਣਗੇ।

5. ਮਿਤੀ 11 ਨਵੰਬਰ, 2013 ਨੂੰ KAPS Educational Institute, Melbourne ਦੇ ਡਾਇਰੈਕਟਰ ਦੀ ਅਗਵਾਈ ਹੇਠ ਆਸਟ੍ਰੇਲੀਆ ਦੇ ਇਕ ਉੱਚ ਪੱਧਰੀ ਵਫਦ ਨੇ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਆਪਸੀ ਮਿਲਵਰਤਣ ਅਤੇ ਹੋਰ ਅਕਾਦਮਿਕ ਪ੍ਰੋਗਰਾਮਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ।

6. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਬੈਚ-2014 ਦੇ 20 ਵਿਦਿਆਰਥੀਆਂ ਨੂੰ ਅਕਤੂਬਰ ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਨੈਸ਼ਨਲ/ਮਲਟੀ ਨੈਸ਼ਨਲ ਕੰਪਨੀਆਂ ਵਲੋਂ ਰੋਜਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2014 ਦੇ ਕੁਲ 255 ਵਿਦਿਆਰਥੀਆਂ ਨੂੰ ਨੌਕਰੀ ਲਈ ਪੇਸ਼ਕਸ਼ ਹੋ ਚੁੱਕੀ ਹੈ।

7. ਮਿਤੀ 11 ਦਸੰਬਰ, 2013 ਤੋਂ 7 ਜਨਵਰੀ, 2014 ਤੱਕ ਅਕਾਦਮਿਕ ਸਟਾਫ ਕਾਲਜ ਵਿਖੇ 28 ਦਿਨਾ ਜਨਰਲ ਓਰੀਐਂਟੇਸ਼ਨ ਕੋਰਸ-93 ਦਾ ਆਯੋਜਨ ਕੀਤਾ ਗਿਆ।

8. ਮਿਤੀ 24 ਨਵੰਬਰ, 2013 ਨੂੰ ਯੂਨੀਵਰਸਿਟੀ ਦੇ 44ਵੇਂ ਸਥਾਪਨਾ ਦਿਵਸ ਦੇ ਮੌਕੇ ਤੇ ਜੰਮੂ ਅਤੇ ਕਸ਼ਮੀਰ ਦੇ ਗਵਰਨਰ, ਮਾਨਯੋਗ ਸ੍ਰੀ ਐਨ.ਐਨ. ਵੋਹਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਭਾਈ ਗੁਰਦਾਸ ਲਾਈਬ੍ਰੇਰੀ ਦੁਆਰਾ ਤਿਆਰ ਕੀਤੀ ਗਈ Bibliography of Books in English, Punjabi and Hindi on Freedom Movement in Punjab and brief biographies of some eminent freedom fighters ਦਾ ਵਿਮੋਚਨ ਕੀਤਾ। ਇਸ ਮੌਕੇ ਪ੍ਰੋਫੈਸਰ ਦੀਪਕ ਪੇਂਟਲ, ਸਾਬਕਾ, ਉਪ-ਕੁਲਪਤੀ, ਦਿੱਲੀ ਯੂਨੀਵਰਸਿਟੀ ਅਤੇ ਸ੍ਰੀ ਰਤਨ ਸਿੰਘ ਜੱਗੀ, ਪ੍ਰੋਫੈਸਰ ਅਮੈਰੀਟਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਲੈਕਚਰ ਦਿੱਤਾ।

9. ਡਾ. ਸੁਭੀਤ ਜੈਨ ਨੂੰ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਨਵੀਂ ਦਿੱਲੀ ਵੱਲੋਂ Modernization and Removal of Obsolescence Scheme ਅਧੀਨ ਫਾਰਮਾਸਿਊਟੀਕਲ ਵਿਭਾਗ ਦੀ ਰਿਸਰਚ ਲੈਬਾਰਟਰੀ ਦੇ ਆਧੁਨਿਕੀਕਰਨ ਲਈ 18.50 ਲੱਖ ਰੁਪਏ ਦੀ Grant-in-Aid ਪ੍ਰਾਪਤ ਹੋਈ ਹੈ।

10. ਨੈਸ਼ਨਲ ਅਕਾਦਮੀ ਆਫ ਮੈਡੀਕਲ ਸਾਇੰਸਜ਼ ਵਲੋਂ ਡਾ. ਜਸਪਾਲ ਸਿੰਘ ਸੰਧੂ, ਪ੍ਰੋਫੈਸਰ, ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਵਿਭਾਗ ਨੂੰ ਮਿਤੀ 26 ਅਕਤੂਬਰ, 2013 ਨੂੰ ਉਨ੍ਹਾਂ ਵਲੋਂ ਸਪੋਰਟਸ ਮੈਡੀਸਨ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਨੈਸ਼ਨਲ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ ਜੋ ਕਿ ਅਕਾਦਮੀ ਵਲੋਂ ਇਸ ਖੇਤਰ ਵਿਚ ਦਿੱਤੀ ਗਈ ਪਹਿਲੀ ਫੈਲੋਸ਼ਿਪ ਹੈ।

11. ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ, ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੂੰ ਗਾਂਧੀਗ੍ਰਾਮ ਰੂਰਲ ਇੰਸਟੀਚਿਊਟ, ਗਾਂਧੀਗ੍ਰਾਮ ਵਲੋਂ ਪਲਾਨਿੰਗ ਅਤੇ ਮਾਨੀਟਰਿੰਗ ਬੋਰਡ ਦਾ ਤਿੰਨ ਸਾਲ ਲਈ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

12. ਮਿਤੀ 23 ਅਕਤੂਬਰ, 2013 ਨੂੰ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਹਰਦੀਪ ਸਿੰਘ ਨੂੰ ਉਨ੍ਹਾਂ ਵਲੋਂ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਦਿਵਾਂਗ ਮਹਿਤਾ ਫਾਊਂਡੇਸ਼ਨ, ਮੁੰਬਈ ਵਲੋਂ ਬੈਸਟ ਪ੍ਰੋਫੈਸਰ ਇਨ ਕੰਪਿਊਟਰ ਇੰਜੀਨੀਅਰਿੰਗ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

13. ਕੈਮਿਸਟਰੀ ਵਿਭਾਗ ਦੀ ਅਧਿਆਪਕਾ ਡਾ. ਵੰਦਨਾ ਭੱਲਾ ਦੀ ਪੀਐਚ.ਡੀ. ਵਿਦਿਆਰਥਣ- ਮਿਸ ਰੂਪਾ ਨੂੰ ਉਸ ਦੇ ਪੀਐਚ.ਡੀ. ਥੀਸਿਸ ਲਈ ਅੰਤਰਰਾਸ਼ਟਰੀ ਕੰਪਨੀ Eli Lilly and Company, USA ਵਲੋਂ Lilly Outstanding Thesis Awards-2013 ਲਈ second prize ਵਾਸਤੇ ਚੁਣਿਆ ਗਿਆ ਹੈ ਅਤੇ ਉਸਨੂੰ ਮਿਤੀ 4 ਦਸੰਬਰ, 2013 ਨੂੰ ਭੋਪਾਲ ਵਿਖੇ ਹੋਏ ਸਨਮਾਨ ਸਮਾਰੋਹ ਵਿਚ 1000 ਯੂ.ਐਸ. ਡਾਲਰ ਅਤੇ ਇਕ Lilly Plaque ਨਾਲ ਸਨਮਾਨਿਤ ਕੀਤਾ ਗਿਆ ਹੈ।

14.ਮਿਤੀ 22-24 ਦਸੰਬਰ, 2013 ਨੂੰ Indian Econometric Society ਦੀ ਮੁੰਬਈ ਵਿਖੇ ਹੋਈ ਗੋਲਡਨ ਜੁਬਲੀ ਸਲਾਨਾ ਕਾਨਫ੍ਰੰਸ ਦੇ ਮੌਕੇ ਤੇ ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਅਮਰਜੀਤ ਸਿੰਘ ਸੇਠੀ ਨੂੰ ਉਨ੍ਹਾਂ ਵੱਲੋਂ ਅਰਥ-ਸ਼ਾਸਤਰ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਸੋਸਾਇਟੀ ਦੀ ਕਾਰਜਕਾਰੀ ਕਮੇਟੀ ਦਾ ਸਾਲ 2014-15 ਲਈ ਮੈਂਬਰ ਚੁਣਿਆ ਗਿਆ ਹੈ।

15. ਮਿਤੀ 5-7 ਦਸੰਬਰ, 2013 ਨੂੰ ਬੰਗਲੌਰ ਵਿਖੇ ਹੋਈ 66ਵੀਂ ਆਲ ਇੰਡੀਆ ਕਾਮਰਸ ਕਾਨਫਰੰਸ ਆਫ ਦ ਇੰਡੀਅਨ ਕਾਮਰਸ ਐਸੋਸੀਏਸ਼ਨ ਦੇ ਮੌਕੇ ਤੇ ਯੂਨੀਵਰਸਿਟੀ ਰਿਜ਼ਨਲ ਕੈਂਪਸ, ਗੁਰਦਾਸਪੁਰ ਦੇ ਅਸਿਸਟੈਂਟ ਪ੍ਰੋਫੈਸਰ ਰਿਸ਼ੀ ਰਾਜ ਸ਼ਰਮਾ ਨੂੰ ਉਨ੍ਹਾਂ ਵੱਲੋਂ Best Empirical Research Paper ਪੇਸ਼ ਕਰਨ ਤੇ Prof. Manubhai M.Shah Memorial Research Award ਅਤੇ Gold Medal ਨਾਲ ਸਨਮਾਨਿਤ ਕੀਤਾ।

16. ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ ਵੱਲੋਂ ਮਿਤੀ 27 ਅਤੇ 28 ਸਤੰਬਰ, 2013 ਨੂੰ ਭਾਸ਼ਾ ਤਥਾ ਸਾਹਿਤ ਕੇ ਤੁਲਨਾਤਮਕ ਵਿਸ਼ੇ ਤੇ ਦੋ ਦਿਨਾਂ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

17. ਮਿਤੀ 14-15 ਨਵੰਬਰ, 2013 ਨੂੰ ਗਦਰ ਅੰਦੋਲਨ ਦੇ ਸ਼ਤਾਬਦੀ ਵਰੇ ਦੇ ਮੌਕੇ 'ਤੇ ਯੂਨੀਵਰਸਿਟੀ ਵੱਲੋਂ ਗਦਰ ਲਹਿਰ ਤੇ ਵਿਚਾਰ ਵਿਸ਼ੇ ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

18. ਮਿਤੀ 22-23 ਨਵੰਬਰ, 2013 ਨੂੰ ਗੁਰੂ ਨਾਨਕ ਸਟੱਡੀਜ਼ ਵਿਭਾਗ ਵੱਲੋਂ ਗੁਰੂ ਨਾਨਕ ਦੇਵ

ਜੀ ਦਾ ਭਾਰਤੀ ਦਰਸ਼ਨ ਨੂੰ ਯੋਗਦਾਨ ਵਿਸ਼ੇ ਤੇ 28ਵਾਂ ਸਲਾਨਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

19. ਮਿਤੀ 22 ਨਵੰਬਰ ਨੂੰ ਕਾਨੂੰਨ ਵਿਭਾਗ ਅਤੇ ਏਸ਼ੀਅਨ ਡਿਵੈਲਪਮੈਂਟ ਬੈਂਕ ਦੇ ਸਹਿਯੋਗ ਨਾਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਵਲੋਂ "The Amritsar Dialouge on Green Courts and Tribunals: Challenges and Oppurtunities" ਵਿਸ਼ੇ ਤੇ ਦੋ ਦਿਨਾ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਦੁਨੀਆਂ ਭਰ ਤੋਂ 100 ਦੇ ਕਰੀਬ ਵਾਤਾਵਰਣ ਮਾਹਿਰਾਂ ਨੇ ਹਿੱਸਾ ਲਿਆ।

20.ਸੈਂਟਰ ਆਨ ਸਟੱਡੀਜ਼ ਇਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਮਿਤੀ 2-3 ਸਤੰਬਰ, 2013 ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਅਤੇ ਇਸਦਾ ਸੰਗੀਤਕ ਮਹੱਤਵ ਵਿਸ਼ੇ 'ਤੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ ਅਤੇ ਮਿਤੀ 29 ਨਵੰਬਰ ਨੂੰ ਨੈਸ਼ਨਲ ਫਾਊਂਡੇਸ਼ਨ ਫਾਰ ਕਮਿਊਨਲ ਹਾਰਮਨੀ, ਨਵੀਂ ਦਿੱਲੀ ਦੇ ਸਹਿਯੋਗ ਨਾਲ Contribution of Sikhism in Promoting Peace and Communal Harmony ਵਿਸ਼ੇ 'ਤੇ ਸਿੰਪੋਜ਼ਿਅਮ ਕਰਵਾਇਆ ਗਿਆ।

21.ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਵਲੋਂ ਮਿਤੀ 20-22 ਦਸੰਬਰ, 2013 ਨੂੰ Emerging Technologies in Electronics & Communication ਵਿਸ਼ੇ ਤੇ ਤਿੰਨ ਦਿਨਾ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਗਈ।

22. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ ਯੂਨੀਵਰਸਿਟੀ ਦੇ ਵਿਦਿਆਰਥੀ ਵੱਖ-ਵੱਖ ਉਚ ਪਦਵੀਆਂ ਲਈ ਚੁਣੇ ਗਏ-ਪੀ.ਸੀ.ਐਸ. ਨਿਯੁਕਤ ਹੋਏ:2, ਪੰਜਾਬ ਸਿਵਲ ਸਰਵਿਸਿਜ਼ ਦੀ ਪ੍ਰੀਖਿਆ ਪਾਸ ਕੀਤੀ: 6, ਸੈਂਟਰਲ ਸਿਵਲ ਸਰਵਿਸਿਜ਼: 1, ਬੈਂਕ ਪ੍ਰੋਬੇਸ਼ਨਰੀ ਅਫਸਰ: 2, ਪੰਜਾਬ ਮੰਡੀ ਬੋਰਡ ਵਿਚ ਇੰਸਪੈਕਟਰ: 1 ਅਤੇ ਯੂਨੀਵਰਸਿਟੀ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ:1)। ਜੂਨ 2013 ਦੇ ਯੂ.ਜੀ.ਸੀ. (N.E.T.) ਦੇ ਘੋਸ਼ਿਤ ਹੋਏ ਨਤੀਜੇ ਵਿਚ ਤਿੰਨ ਵਿਦਿਆਰਥੀਆਂ ਨੇ N.E.T. ਅਤੇ ਇਕ ਵਿਦਿਆਰਥੀ ਨੇ J.R.F. ਦੀ ਪ੍ਰੀਖਿਆ ਪਾਸ ਕੀਤੀ। ਇਸ ਤੋਂ ਇਲਾਵਾ ਇਕ ਵਿਦਿਆਰਥਣ ਨੇ ਸਟਾਫ ਸਲੈਕਸ਼ਨ ਕਮਿਸ਼ਨ ਦੀ ਮੁੱਢਲੀ ਪ੍ਰੀਖਿਆ ਪਾਸ ਕੀਤੀ, ਇਕ ਵਿਦਿਆਰਥਣ ਨੇ I.T.I. Instructor ਦੀ ਪ੍ਰੀਖਿਆ ਪਾਸ ਕਰਕੇ ਪੰਜਾਬ ਵਿਚ ਪੰਜਵੀਂ ਪੁਜੀਸ਼ਨ ਹਾਸਲ ਕੀਤੀ, ਇਕ ਪੰਜਾਬ ਹੋਮ ਗਾਰਡ ਐਂਡ ਸਿਵਲ ਡਿਫੈਂਸ ਵਿਚ ਕਲਰਕ ਅਤੇ ਦੋ ਜੁਡੀਸ਼ਰੀ ਵਿਚ ਰੀਡਰ ਨਿਯੁਕਤ ਹੋਏ ਹਨ।

23.ਯੂਨੀਵਰਸਿਟੀ ਵਿਖੇ ਮਿਤੀ 25-29 ਅਕਤੂਬਰ, 2013 ਤੱਕ ਕਰਵਾਈ ਗਈ All India Inter-University Aquatics Championship(men & women) 2013-14 ਦੀ ਓਵਰਆਲ ਚੈਂਪੀਅਨਸ਼ਿਪ ਟਰਾਫੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪੁਰਸ਼ਾਂ ਦੇ ਵਰਗ ਵਿਚ ਦੂਜਾ ਸਥਾਨ ਹਾਸਲ ਕੀਤਾ ਅਤੇ ਪੁਰਸ਼ਾਂ ਦੇ ਵਾਟਰਪੋਲੋ ਮੁਕਾਬਲਿਆਂ ਵਿਚ ਚੈਂਪੀਅਨਸ਼ਿਪ ਜਿੱਤੀ ਜਿਸ ਵਿਚ ਯੂਨੀਵਰਸਿਟੀ ਦੇ ਅਮਨ ਘਈ ਨੇ 100 ਮੀਟਰ ਫ੍ਰੀ ਸਟਾਈਲ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕੀਤਾ।

24.ਯੂਨੀਵਰਸਿਟੀ ਦੇ ਖਿਡਾਰੀ ਅਭਿਸ਼ੇਕ ਵਰਮਾ ਨੇ ਮਿਤੀ 29 ਸਤੰਬਰ-6 ਅਕਤੂਬਰ, 2013 ਨੂੰ ਤੁਰਕੀ ਵਿਖੇ ਹੋਈ World Archery Championship ਦੀ mix team ਵਿਚ ਚੌਥਾ ਸਥਾਨ ਹਾਸਲ ਕੀਤਾ। ਯੂਨੀਵਰਸਿਟੀ ਵਲੋਂ ਅਭਿਸ਼ੇਕ ਵਰਮਾ ਨੂੰ 29 ਅਕਤੂਬਰ ਤੋਂ 3 ਨਵੰਬਰ 2013 ਤੱਕ ਤਾਇਵਾਨ ਵਿਖੇ ਹੋਈ 18ਵੀਂ ਏਸ਼ੀਅਨ ਆਰਚਰੀ ਚੈਂਪੀਅਨਸ਼ਿਪ ਵਿਚ ਸੋਨ ਤਮਗਾ ਅਤੇ ਸਿਲਵਰ ਤਮਗਾ ਜਿੱਤਣ ਤੇ ਸਨਮਾਨਿਤ ਕੀਤਾ ਗਿਆ।ਅਭਿਸ਼ੇਕ ਵਰਮਾ ਭਾਰਤ ਦੀ ਟੀਮ ਵਿਚ ਸਭ ਤੋਂ ਵੱਧ ਸਕੋਰ ਬਣਾਉਣ ਵਾਲਾ ਆਰਚਰ ਵੀ ਬਣਿਆ। ਇਸੇ ਤਰ੍ਹਾਂ ਯੂਨੀਵਰਸਿਟੀ ਦੇ ਖਿਡਾਰੀ ਸੁਧਾਕਰ ਪਾਸਵਾਨ ਨੇ ਮਿਤੀ 13-20 ਅਕਤੂਬਰ ਨੂੰ China ਵਿਖੇ ਹੋਈ World 2013 Youth Archery Championship

ਦੀ Compound team event ਵਿਚ ਤੀਜਾ ਸਥਾਨ ਹਾਸਲ ਕੀਤਾ।

25. ਮਿਤੀ 8-10 ਨਵੰਬਰ, 2013 ਨੂੰ ਪੌਂਗ ਡੈਮ ਤਲਵਾੜਾ ਵਿਖੇ ਹੋਈ All India Inter-University Canoeing and Kayaking (men & women) Championship 2013-14 ਮੁਕਾਬਲਿਆਂ ਵਿਚ ਯੂਨੀਵਰਸਿਟੀ ਨੇ ਪੁਰਸ਼ ਮੁਕਾਬਲੇ ਵਿਚ 9 ਸੋਨ ਤਮਗੇ ਅਤੇ 3 ਚਾਂਦੀ ਦੇ ਤਮਗੇ ਜਿੱਤ ਕੇ ਓਵਰਆਲ ਚੈਂਪੀਅਨਸ਼ਿਪ ਹਾਸਲ ਕੀਤੀ ਅਤੇ ਇਸਤਰੀਆਂ ਦੇ ਮੁਕਾਬਲੇ ਵਿਚ ਤੀਜਾ ਸਥਾਨ ਹਾਸਲ ਕੀਤਾ।

26. ਪਟਿਆਲਾ ਵਿਖੇ ਮਿਤੀ 14-17 ਨਵੰਬਰ, 2013 ਨੂੰ ਹੋਏ All-India Inter-Varsity Cycling Championship ਦੇ ਪੁਰਸ਼ ਵਰਗ ਦੀ ਇਕ ਹਜ਼ਾਰ ਮੀਟਰ ਟਰਾਇਲ ਦੋੜ ਮੁਕਾਬਲੇ ਵਿਚ ਇਸ ਯੂਨੀਵਰਸਿਟੀ ਦੇ ਗੁਰਪਾਲ ਸਿੰਘ ਨੇ ਸੋਨੇ ਦਾ ਤਮਗਾ ਅਤੇ ਕਰਨਦੀਪ ਸਿੰਘ ਨੇ ਕਾਂਸੇ ਦਾ ਤਮਗਾ ਜਿੱਤਿਆ ਅਤੇ ਔਰਤਾਂ ਦੀ 15 ਕਿਲੋਮੀਟਰ ਪੁਆਇੰਟ ਰੇਸ ਵਿਚ ਯੂਨੀਵਰਸਿਟੀ ਦੀ ਮੀਨਾਕਸ਼ੀ ਨੇ ਕਾਂਸੇ ਦਾ ਤਮਗਾ ਜਿੱਤਿਆ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

<u>ਪੱਕੀ ਕੀਤੀ ਗਈ</u>

(ਅ.ਸ. ਬਰਾੜ)
ਉਪ-ਕੁਲਪਤੀ